
# ਕਿਸ ਦੀ ਸਵਾਰੀ ?

ਪ੍ਰੀ-ਪ੍ਰਾਇਮਰੀ-2 ਲਈ



ਸਕੂਲ ਸਿੱਖਿਆ ਵਿਭਾਗ, ਪੰਜਾਬ


# ਕਿਸ ਦੀ ਸਵਾਰੀ ?

ਲੇਖਕ: ਪਵਨਦੀਪ ਕੌਰ
ਚਿੱਤਰਕਾਰ: ਰਾਜੀਵ ਵਰਮਾ 'ਬਨਜਾਰਾ' ਸ਼ਿਖਾ ਨਮਬਾਇਰ, ਤਪੋਸ਼ੀ ਘੋਸ਼ਲ



ਮੈਂ ਹਾਂ ਸਾਈਕਲ।
ਮੇਰੇ ਦੋ ਪਹੀਏ ਹਨ, ਮੈਂ ਸੜਕ ’ਤੇ ਚਲਦੀ ਹਾਂ।
ਮਨਮੀਤ ਮੇਰੀ ਟੋਕਰੀ ਵਿੱਚ ਖਿਡੌਣੇ ਰੱਖ ਕੇ ਆਪਣੀਆਂ ਸਹੇਲੀਆਂ ਨਾਲ ਖੇਡਣ ਜਾਂਦੀ ਹੈ।

ਮੈਂ ਹਾਂ ਨੀਲੀ ਬੱਸ।
ਮੇਰੇ ਚਾਰ ਪਹੀਏ ਹਨ।
ਮੈਂ ਪਾਂ-ਪਾਂ ਕਰਕੇ ਚੱਲਦੀ ਹਾਂ।




ਮੈਂ ਹਾਂ ਮੋਟਰ ਸਾਈਕਲ।

ਭਲਾ ਮੇਰੀ ਸਵਾਰੀ ਕਿਸਨੂੰ ਨਹੀਂ ਪਸੰਦ ?

ਮੈਂ ਡੁਗ-ਡੁਗ ਕਰਕੇ ਚੱਲਦਾ ਹਾਂ।

ਸੋਨੂੰ ਮੈਨੂੰ ਚਲਾਉਣ ਵੇਲੇ ਹੈਲਮੇਟ ਪਹਿਨਦਾ ਹੈ।



ਮੈਂ ਹਾਂ ਆਟੋ ਰਿਕਸ਼ਾ।
ਮੇਰੇ ਤਿੰਨ ਪਹੀਏ ਹਨ।
ਮੈਂ ਹਮੇਸ਼ਾ ਸਜ ਕੇ ਰਹਿੰਦਾ ਹਾਂ।
ਫਟ-ਫਟ ਕਰਕੇ ਚੱਲਦਾ ਹਾਂ।



ਮੈਂ ਹਾਂ ਨੀਲੀ ਕਾਰ।

ਮੈਂ ਪੀਂ-ਪੀਂ ਕਰਕੇ ਚੱਲਦੀ ਹਾਂ।

ਰਿੰਕੀ ਮੈਨੂੰ ਚਲਾ ਕੇ ਬਹੁਤ ਖੁਸ਼ ਹੁੰਦੀ ਹੈ।

ਉਹ ਹਮੇਸ਼ਾ ਮੈਨੂੰ ਬੈਲਟ ਪਾ ਕੇ ਚਲਾਉਂਦੀ ਹੈ।



ਮੈਂ ਲੰਬੀ ਨੀਲੀ ਰੇਲ ਗੱਡੀ ਹਾਂ।


ਮੈਂ ਰੇਲ ਦੀ ਪਟੜੀ ’ਤੇ ਇਕੱਲੀ ਚੱਲਦੀ ਹਾਂ।

ਛੁੱਕ-ਛੁੱਕ-ਛੱਕ ਅਵਾਜ਼ ਕਰਦੀ ਹਾਂ।





ਮੈਂ ਹਾਂ ਕਿਸ਼ਤੀ।
ਪਿੰਕੀ ਮੇਰੇ ’ਤੇ ਬੈਠ ਕੇ ਸਕੂਲ ਜਾਂਦੀ ਹੈ।



ਮੈਂ ਹਾਂ ਨੀਲਾ-ਪੀਲ਼ਾ ਹਵਾਈ ਜਹਾਜ਼
ਮੇਰੇ ਵਿੱਚ ਬੈਠ ਕੇ ਮਨਮੀਤ ਪੰਛੀਆਂ ਵਾਂਗ ਉੱਡ ਸਕਦੀ ਹੈ।

# ਤੁਸੀਂ ਕਿਸ ਦੀ ਸਵਾਰੀ ਕਰਨਾ ਚਾਹੁੰਦੇ ਹੋ ?

**PRATHAM BOOKS**

**A Book in Every Child's Hand**

Pratham Books is a not-for-profit organization that publishes books in multiple Indian languages to promote reading among children.

PRATHAM BOOKS

**storyweaver**

StoryWeaver is a digital repository of multilingual stories for children from Pratham Books. Now, every child can have access to an endless stream of stories in her mother tongue to read and enjoy.

**PRATHAM**

Pratham is an innovative learning organization created to improve the quality of education in India.

ਦਫ਼ਤਰ ਡਾਇਰੈਕਟਰ ਰਾਜ ਸਿੱਖਿਆ ਖੋਜ ਅਤੇ ਸਿਖਲਾਈ ਪ੍ਰੀਸ਼ਦ, ਪੰਜਾਬ
ਬਲਾਕ–ਈ, ਛੇਵੀਂ ਮੰਜਿਲ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਫੇਜ਼–8, ਐਸ.ਏ.ਐਸ ਨਗਰ, ਮੁਹਾਲੀ